ਜੁਲਾਈ 2024, ISSUE 11

Alta California Regional Center

# ALTA CONNECTIONS

ਤਿਮਾਹੀ ਗਾਹਕ, ਸੇਵਾ ਪ੍ਰਦਾਤਾ, ਅਤੇ ਸਟਾਫ਼ ਅੱਪਡੇਟ ਨਿਊਜ਼ਲੈਟਰ



ਸਾਡੇ **ਵਿਸ਼ੇਸ਼ ਕਲਾਕਾਰ ਬੀਟਾ ਬਹਾਰਸਤਾਨੀ** ਪੰਨਾ 8 'ਤੇ ਹੋਰ

## ਕਾਰਜਕਾਰੀ ਨਿਰਦੇਸ਼ਕ ਦਾ ਸੁਨੇਹਾ

*ਕਾਰਜਕਾਰੀ ਨਿਦੇਸ਼ਕ ਲੌਰੀ ਬੈਨੇਲਸ (Lori Banales)*

ਵਿੱਤੀ ਸਾਲ 23/24 ਦੀ ਸਮਾਪਤੀ ਦੇ ਨਾਲ ਸਾਲ ਦੀ ਦੂਜੀ ਤਿਮਾਹੀ ਵਕਾਲਤ, ਆਊਟਰੀਚ ਅਤੇ ਜਸ਼ਨਾਂ ਨਾਲ ਭਰਪੂਰ ਰਹੀ ਹੈ। 22 ਜੂਨ ਨੂੰ, ਰਾਜਪਾਲ ਦੇ ਦਫਤਰ ਨੇ ਐਲਾਨ ਕੀਤਾ ਕਿ ਵਿਧਾਨਕ ਲੀਡਰਸ਼ਿਪ ਨਾਲ ਇੱਕ ਬਜਟ ਸੌਦਾ ਹੋ ਗਿਆ ਹੈ। ਅੰਸ਼ਕ ਰੂਪ ਵਿੱਚ, ਸਮਝੌਤਾ ਪ੍ਰਦਾਤਾ ਦਰ ਲਾਗੂ ਕਰਨ ਨਾਲ ਸਬੰਧਤ ਸਾਡੇ ਸਿਸਟਮ ਦੇ ਪ੍ਰਮੁੱਖ ਵਕਾਲਤ ਯਤਨਾਂ ਵਿੱਚੋਂ ਇੱਕ ਨੂੰ ਦਰਸਾਉਂਦਾ ਹੈ। ਸਮਝੌਤੇ ਵਿੱਚ ਕਿਹਾ ਗਿਆ ਹੈ ਕਿ ਵਧੀ ਹੋਈ ਪ੍ਰਦਾਤਾ ਤਨਖਾਹ ਨੂੰ ਛੇ ਮਹੀਨੇ ਦੀ ਦੇਰੀ ਨਾਲ 1 ਜਨਵਰੀ, 2025 ਤੱਕ ਲਾਗੂ ਕੀਤਾ ਜਾਵੇਗਾ। ਇਹ ਰਾਜਪਾਲ ਦੇ ਜਨਵਰੀ ਬਜਟ ਅਤੇ ਮਈ ਦੇ ਸੰਸ਼ੋਧਨ ਵਿੱਚ ਪ੍ਰਸਤਾਵਿਤ ਕੀਤੇ ਗਏ ਬਦਲਾਅ ਤੋਂ ਇੱਕ ਤਬਦੀਲੀ ਹੈ ਜਿਸ ਵਿੱਚ ਕਿਹਾ ਗਿਆ ਸੀ ਕਿ ਦਰ ਲਾਗੂ ਕਰਨ ਵਿੱਚ 1 ਦੇਰੀ ਨੂੰ ਜੁਲਾਈ, 2025 ਤੱਕ ਵਧਾਇਆ ਜਾਵੇਗਾ। ਇਸ ਨੁਕਤੇ ਦੀ ਅਗਵਾਈ ਕਰਦੇ ਹੋਏ, ਸਾਡੇ ਸਮੁੱਚੇ ਭਾਈਚਾਰੇ ਦੇ ਨਾਲ-ਨਾਲ ਸਮੂਹਿਕ ਰਾਜ ਵਿਆਪੀ ਭਾਈਚਾਰੇ ਨੇ, ਰਾਜਪਾਲ ਦੇ ਪ੍ਰਸਤਾਵ ਨੂੰ ਉਲਟਾਉਣ ਲਈ ਵਿਕਾਸ ਸੰਬੰਧੀ ਅਯੋਗ ਵਿਅਕਤੀਆਂ ਦੇ ਨਾਲ ਖੜ੍ਹੇ ਹੋਣ ਲਈ ਵਿਧਾਨਸਭਾ ਦੀ ਲਾੱਬੀ ਕੀਤੀ। ਇਹ ਯਤਨ ਅਪ੍ਰੈਲ ਵਿੱਚ ਗਰਾਸਰੂਟਸ ਡੇਅ, ਬਜਟ ਸੁਣਵਾਈਆਂ ਅਤੇ ਰਾਜ ਭਰ ਵਿੱਚ ਰੈਲੀਆਂ ਵਿੱਚ ਕੀਤੇ ਗਏ। ਸੈਕਰਾਮੈਂਟੋ ਵਿੱਚ, ਸਾਡੇ ਭਾਈਚਾਰੇ ਦੀਆਂ ਆਵਾਜ਼ਾਂ ਉੱਚੀ ਅਤੇ ਮਾਣ ਨਾਲ ਸੁਣੀਆਂ ਗਈਆਂ ਕਿਉਂਕਿ ਕਈ ਸੈਂਕੜੇ ਰੈਲੀ ਵਿੱਚ ਭਾਗ ਲੈਣ ਵਾਲੇ ਕੈਪੀਟਲ ਦੇ ਈਸਟ ਲਾਅਨ ਵਿੱਚ ਸੇਵਾਵਾਂ ਦੀ ਵਕਾਲਤ ਕਰਨ ਲਈ ਇਕੱਠੇ ਹੋਏ ਸਨ। ਆਖਰਕਾਰ, ਇਹਨਾਂ ਯਤਨਾਂ ਨੂੰ ਸੁਣਿਆ ਗਿਆ ਅਤੇ ਪੂਰੀ ਦੇਰੀ ਸਬੰਧੀ ਸਮਝੌਤਾ ਹੋ ਗਿਆ।

ਜਾਰੀ ਹੈ ਪੰਨਾ 2

**ਇਸ ਅੰਕ ਵਿੱਚ ਕੀ ਹੈ:**


- ED ਕੈਪੀਟਲ ਤੋਂ ਸੁਨੇਹਾ
- ਗੱਠਜੋੜ ਮਈ ਦਿਵਸ ਰੈਲੀ
- ਆਊਟਰੀਚ
- BEING MICHELLE ਸਕ੍ਰੀਨਿੰਗ
- ਬੋਲਿਆਂ ਅਤੇ ਘੱਟ ਸੁਣਨ ਵਾਲਿਆਂ ਲਈ ਵਿਕਰੇਤਾ ਫਾਰਮ
- ਕਲੀਨਿਕਲ ਕੋਨਾ
- ਹਾਊਸਿੰਗ ਐਡਵੋਕੇਸੀ
- ਮਾਈਕ੍ਰੋਐਂਟਰਪ੍ਰਾਈਜ਼ ਫੇਅਰ
- ਡੀਐਸਪੀ ਕੋਲੈਬੋਰੇਟਿਵ ਪ੍ਰਾਈਡ ਪਰੇਡ
- ਸਿਏਰਾ ਕਾਲਜ ਲਾਈਫ ਪ੍ਰੋਜੈਕਟ
- ਵਿਸ਼ੇਸ਼ ਕਲਾਕਾਰ

**<u>ਘੋਸ਼ਣਾ</u>**

ACRC ਤਿਮਾਹੀ ਵਰਚੁਅਲ ਕਮਿਊਨਿਟੀ ਮੀਟਿੰਗਾਂ ਦੀ ਮੇਜ਼ਬਾਨੀ ਕਰ ਰਿਹਾ ਹੈ - 7 ਅਗਸਤ ਅਤੇ 6 ਨਵੰਬਰ - ਸਵੇਰੇ 11 ਵਜੇ-ਦੁਪਹਿਰ 12 ਵਜੇ

ਕਿਰਪਾ ਕਰਕੇ ਧਿਆਨ ਦਿਓ: ਕਮਿਊਨਿਟੀ ਮੀਟਿੰਗ ਦਾ ਮੰਤਵ ਸੰਗਠਨ ਭਰ ਵਿੱਚ ਅੱਪਡੇਟਾਂ ਨੂੰ ਸਾਂਝਾ ਕਰਨਾ ਅਤੇ ਆਪਣੇ ਭਾਈਚਾਰੇ ਨਾਲ ਜੁੜੇ ਰਹਿਣਾ ਹੈ। ਇਹ ਥਾਂ ਕਲਾਇੰਟ ਦੇ ਖਾਸ ਮਸਲਿਆਂ ਲਈ ਨਹੀਂ ਹੈ। ਉਹਨਾਂ ਵਿਚਾਰ-ਚਰਚਾਵਾਂ ਦਾ ਪਲੈਨਿੰਗ ਟੀਮ ਦੇ ਪੱਧਰ 'ਤੇ ਜਾਂ ਇਕ ਨਾਲ ਇਕ ਵਾਰਤਾਲਾਪ ਵਿੱਚ ਸੁਆਗਤ ਕੀਤਾ ਜਾਂਦਾ ਹੈ। ਗਾਹਕ ਦੀ ਗੁਪਤਤਾ ਨੂੰ ਸੁਰੱਖਿਅਤ ਰੱਖਣ ਦੀ ਲੋੜ ਨੂੰ ਸਮਝਣ ਲਈ ਤੁਹਾਡਾ ਧੰਨਵਾਦ। ਵਧੇਰੇ ਜਾਣਕਾਰੀ ਲਈ ਲਿੰਕ ਪ੍ਰਾਪਤ ਕਰਨ ਲਈ HTTPS://WWW.ALTAREGIONAL.ORG/CALENDAR 'ਤੇ ਜਾਓ।

ਕਿਸੇ ਰਜਿਸਟ੍ਰੇਸ਼ਨ ਦੀ ਲੋੜ ਨਹੀਂ।

## ਕਾਰਜਕਾਰੀ ਨਿਰਦੇਸ਼ਕ ਦਾ ਸੁਨੇਹਾ - ਜਾਰੀ ਹੈ

ਇਸ ਤੋਂ ਇਲਾਵਾ, ਟ੍ਰੇਲਰ ਬਿਲ ਲੈਂਗੁਏਜ (TBL) ਨੂੰ ਛਾਪਿਆ ਗਿਆ ਹੈ ਅਤੇ ਮੁੱਖ ਵਿਧਾਨਾਂ ਵਿੱਚ ਸ਼ਾਮਲ ਹਨ:

1. ਵਿਕਾਸ ਸੰਬੰਧੀ ਸੇਵਾਵਾਂ ਲਈ ਮਾਸਟਰ ਯੋਜਨਾ ਦੇ ਵਿਕਾਸ ਲਈ ਇੱਕ ਸੰਵਿਧਾਨਕ ਲੋੜ;
2. ਰੇਟ ਮਾਡਲਾਂ ਦੇ ਅੰਤਮ ਪੜਾਅ ਨੂੰ ਲਾਗੂ ਕਰਨਾ 1/1/25;
3. ਰਿਮੋਟ IPP/IFSP ਮੀਟਿੰਗਾਂ ਲਈ ਭੱਤਾ ਜੇਕਰ ਵਿਅਕਤੀ ਨੂੰ IPPs ਲਈ ਪਿਛਲੇ 12 ਮਹੀਨਿਆਂ ਦੌਰਾਨ ਅਤੇ IFSPs ਲਈ 6 ਮਹੀਨਿਆਂ ਦੌਰਾਨ ਵਿਅਕਤੀਗਤ ਤੌਰ 'ਤੇ ਦੇਖਿਆ ਗਿਆ ਹੈ;
4. ਪ੍ਰਦਾਤਾ ਆਡਿਟ ਨੂੰ ਵਧੇਰੇ ਕੁਸ਼ਲਤਾ ਨਾਲ ਪੂਰਾ ਕਰਨ ਲਈ ਅੰਕੜਾ ਅਭਿਆਸਾਂ ਦੀ ਵਰਤੋਂ ਕਰਨਾ;
5. ਪਰਿਵਾਰਕ ਲਾਗਤ ਭਾਗੀਦਾਰੀ ਅਤੇ ਸਾਲਾਨਾ ਪਰਿਵਾਰਕ ਪ੍ਰੋਗਰਾਮ ਫੀਸਾਂ ਨੂੰ ਖਤਮ ਕਰਨਾ;
6. ਅਸਥਾਈ ਤੌਰ 'ਤੇ ਯੋਗ ਬੱਚਿਆਂ ਲਈ ਮੁਲਾਂਕਣਾਂ ਦਾ ਸਮਾਂ ਬਦਲਣਾ; ਅਤੇ,
7. DDS ਨੂੰ RC ਸੰਪਰਕ ਦੀ ਪਛਾਣ ਅਤੇ ਕੁਝ ਸਟਾਫ ਲਈ ਸਿਖਲਾਈ ਦੀ ਲੋੜ ਨੂੰ ਸ਼ਾਮਲ ਕਰਨ ਲਈ ਸਮਾਜਿਕ ਮਨੋਰੰਜਨ ਕਾਨੂੰਨਾਂ ਨੂੰ ਅੱਪਡੇਟ ਕਰਨਾ।

ਜਸ਼ਨ ਦੇ ਹੋਰ ਖੇਤਰਾਂ ਅਤੇ ਵਕਾਲਤ ਦੇ ਦੁਆਲੇ ਦੀਆਂ ਗਤੀਵਿਧੀਆਂ ਦੁਆਰਾ ਪ੍ਰਾਈਡ ਮਹੀਨੇ ਦਾ ਸਮਰਥਨ ਕਰਨਾ ACRC ਨੇ ਡਾਊਨਟਾਊਨ ਸੈਕਰਾਮੈਂਟੋ ਵਿੱਚ ਸਾਡੀ ਦੂਜੀ ਪ੍ਰਾਈਡ ਪਰੇਡ ਵਿੱਚ ਮਾਰਚ ਕੀਤਾ ਸੀ। ਏਜੰਸੀ ਮਾਰਚ ਕਰਨ ਵਾਲਿਆਂ ਦੀ ਗਿਣਤੀ ਇਸ ਸਾਲ ਦੁੱਗਣੀ ਹੋ ਗਈ ਹੈ, ਅਤੇ ਦਿਨ ਦੀ ਸਦਭਾਵਨਾ ਅਤੇ ਭਾਵਨਾ ਨੂੰ ਮਾਰਚ ਕਰਨ ਵਾਲਿਆਂ ਅਤੇ ਉਨ੍ਹਾਂ ਲੋਕਾਂ ਦੁਆਰਾ ਗਲੇ ਲਗਾਇਆ ਗਿਆ ਸੀ ਜਿਨ੍ਹਾਂ ਨੇ ਪਾਸੇ ਤੋਂ ਤਾੜੀਆਂ ਮਾਰੀਆਂ ਸਨ।

ACRC ਨੂੰ ਇਤਿਹਾਸਕ ਕਰੈਸਟ ਥੀਏਟਰ ਵਿਖੇ, ਬੌਧਿਕ ਅਤੇ ਵਿਕਾਸ ਸੰਬੰਧੀ ਅਯੋਗਤਾਵਾਂ ਅਤੇ STEP 'ਤੇ ਕੈਲੀਫੋਰਨੀਆ ਨੀਤੀ ਕੇਂਦਰ ਦੇ ਨਾਲ Being Michelle ਦੀ ਫਿਲਮ ਸਕ੍ਰੀਨਿੰਗ ਦਾ ਸਮਰਥਨ ਕਰਨ ਲਈ ਸਨਮਾਨਿਤ ਕੀਤਾ ਗਿਆ। ਦਸਤਾਵੇਜ਼ੀ ਫਿਲਮ ਮਨੁੱਖੀ ਆਤਮਾ ਦੀ ਦ੍ਰਿੜ੍ਹਤਾ ਅਤੇ ਤਾਕਤ ਦਾ ਪ੍ਰਮਾਣ ਸੀ। ਇੱਕ ਸੱਚਮੁੱਚ ਹਿਲਾ ਦੇਣ ਵਾਲੀ ਫਿਲਮ ਜਿਸਨੂੰ ਮੈਂ ਦੇਖਣ ਦੀ ਜ਼ੋਰਦਾਰ ਸਿਫਾਰਸ਼ ਕਰਦਾ/ਕਰਦੀ ਹਾਂ।

ਜਿਵੇਂ ਤੁਸੀਂ Alta Connections ਦੇ ਇਸ ਐਡੀਸ਼ਨ ਨੂੰ ਪੜ੍ਹਦੇ ਹੋ, ਤੁਸੀਂ ਦੇਖੋਗੇ ਕਿ ਅਸੀਂ ਇੱਕ ਹੋਰ ਮਾਈਕ੍ਰੋਐਂਟਰਪ੍ਰਾਈਜ਼ ਮੇਲੇ ਦੀ, ਸਾਡੇ ਪ੍ਰਦਾਤਾਵਾਂ ਦੇ ਕਰਮਚਾਰੀਆਂ ਨੂੰ ਉਤਸ਼ਾਹਿਤ ਕਰਨ ਲਈ ਸੂਟਰ ਕਾਉਂਟੀ ਵਿੱਚ ਇੱਕ ਹੋਰ ਨੌਕਰੀ ਮੇਲੇ ਦੀ ਮੇਜ਼ਬਾਨੀ ਕੀਤੀ, AKT ਡਿਵੈਲਪੈਂਟ ਦੇ ਨਾਲ ਸਿਹਤ ਅਤੇ ਸੁਤੰਤਰਤਾ ਪ੍ਰੋਜੈਕਟ ਲਈ ਇਕ ਪੂਰੀ ਤਰ੍ਹਾਂ ਸੰਮਲਿਤ ਭਾਈਚਾਰੇ ਦਾ ਸਮਰਥਨ ਕਰਨ ਲਈ ਐਲ ਡੋਰਾਡੋ ਕਾਉਂਟੀ ਅਤੇ ਫੋਲਸਮ ਸਿਟੀ ਵਿੱਚ ਜਨਤਕ ਗਵਾਹੀ ਵਿੱਚ ਹਿੱਸਾ ਲਿਆ। ਅਸੀਂ ਇਸ ਵਕਾਲਤ ਅਤੇ ਸਮਰਥਨ ਨੂੰ ਕੈਲੀਫੋਰਨੀਆ ਕਮਿਸ਼ਨ ਔਨ ਏਜਿੰਗ ਲਈ 50ਵੀਂ ਵਰ੍ਹੇਗੰਢ ਗਾਲਾ ਵਿੱਚ ਜਾਰੀ ਰੱਖਿਆ, ਜਿੱਥੋ ਇਹ ਕਮਿਊਨਿਟੀ ਮਾਡਲ ਖਿੱਚ ਦਾ ਕੇਂਦਰ ਬਣਿਆ। ਸਾਡੇ ਹਿੱਸੇਦਾਰਾਂ ਨਾਲ ਜੁੜੇ ਰਹਿਣ ਅਤੇ ਸ਼ਾਮਲ ਰਹਿਣ ਨੇ ਸਾਡੀਆਂ ਦਸ ਕਾਉਂਟੀਆਂ ਵਿੱਚ ਸਾਡੀ ਮੌਜੂਦਗੀ ਅਤੇ ਪ੍ਰਭਾਵ ਦਾ ਆਪਸੀ ਤਾਲਮੇਲ ਕਾਇਮ ਕੀਤਾ ਹੈ। ਅਸੀਂ ਉਨ੍ਹਾਂ ਮੌਕਿਆਂ ਲਈ ਸ਼ੁਕਰਗੁਜ਼ਾਰ ਹਾਂ ਜਿਸ ਤਹਿਤ ਅਸੀਂ ਉਹਨਾਂ ਦੀ ਨੁਮਾਇੰਦਗੀ ਕੀਤੀ ਹੈ ਜਿਨ੍ਹਾਂ ਦੀ ਸੇਵਾ ਕਰਨ ਦਾ ਸਾਨੂੰ ਸੁਭਾਗ ਮਿਲਿਆ ਹੈ।






**ਇੱਥੇ ਤਸਵੀਰਾਂ ਵਿੱਚ ACRC ਬੋਰਡ ਮੈਂਬਰ ਜੈਕੀ ਆਰਮਸਟ੍ਰਾਂਗ ਅਤੇ ਲੋਰੀ ਬੈਨੇਲਸ ਕੈਪੀਟਲ ਕੋਲੀਸ਼ਨ ਦੁਆਰਾ ਆਯੋਜਿਤ ਮਈ ਦਿਵਸ ਦੀ ਰੈਲੀ ਵਿੱਚ ਬੋਲ ਰਹੇ ਹਨ। ਬਜਟ ਦੀ ਪੂਰੀ ਜਾਣਕਾਰੀ ਲਈ ਤੁਸੀਂ ਇੱਥੇ ਜਾ ਸਕਦੇ ਹੋ:**

**https://arcanet.org/about-arca/legislation/2024-25/**

# ਆਊਟਰੀਚ

ਆਲਟਾ ਕੈਲੀਫੋਰਨੀਆ ਰਿਜਨਲ ਸੈਂਟਰ (ACRC) ਕਮਿਊਨਿਟੀ ਸਮਾਗਮਾਂ ਵਿੱਚ ਹਿੱਸਾ ਲੈਣ ਲਈ ਵਚਨਬੱਧ ਹੈ ਜੋ ਸਰੋਤ, ਵਿਭਿੰਨ ਸੱਭਿਆਚਾਰਾਂ ਨਾਲ ਜੁੜਨ ਦੇ ਮੌਕੇ ਪ੍ਰਦਾਨ ਕਰਦੇ ਹਨ, ਅਤੇ ਰਿਜਨਲ ਸੈਂਟਰ ਦੇ ਗਾਹਕਾਂ ਅਤੇ ਪਰਿਵਾਰਾਂ ਨਾਲ ਗੱਲਬਾਤ ਕਰਦੇ ਹਨ। ਅਪ੍ਰੈਲ - ਜੂਨ ਤੱਕ ਅਸੀਂ ਜਿਨ੍ਹਾਂ ਸਮਾਗਮਾਂ ਵਿੱਚ ਹਿੱਸਾ ਲਿਆ ਹੈ ਉਨ੍ਹਾਂ ਵਿੱਚੋਂ ਕੁਝ ਦੀਆਂ ਤਸਵੀਰਾਂ ਦੇਖੋ।

ਜੇਕਰ ਤੁਸੀਂ ਕਮਿਊਨਿਟੀ ਸਮਾਗਮਾਂ ਵਿੱਚ ਦਿਲਚਸਪੀ ਰੱਖਦੇ ਹੋ, ਤਾਂ ਕਿਰਪਾ ਕਰਕੇ https://www.altaregional.org/events-calendar 'ਤੇ ਸਾਡੇ ਕੈਲੰਡਰ 'ਤੇ ਜਾਓ। ਜੇਕਰ ਤੁਸੀਂ ਇੱਕ ਇਵੈਂਟ ਆਯੋਜਕ ਹੋ ਅਤੇ ACRC ਦੇ ਇੱਕ ਆਊਟਰੀਚ ਈਵੈਂਟ ਵਿੱਚ ਹਿੱਸਾ ਲੈਣ ਵਿੱਚ ਦਿਲਚਸਪੀ ਰੱਖਦੇ ਹੋ, ਤਾਂ ਸ਼ਾਮੀਰ ਗ੍ਰਿਫਿਨ, ਕਲਚਰਲ ਡਾਇਵਰਸਿਟੀ ਸਪੈਸ਼ਲਿਸਟ ਨਾਲ sgriffin@altaregional.org 'ਤੇ ਈਮੇਲ ਰਾਹੀਂ ਸੰਪਰਕ ਕਰੋ।




ਜੂਨਟੀਂਥ ਜਸ਼ਨ ਯੋਲੋ ਕਾਊਂਟੀ ਵਿਖੇ






ਏਲ ਡੀਆ ਡੇਲ ਨੀਨੋ





ਆਰਟ-ਟਿਜ਼ਮ



ਵੀ ਇੰਬ੍ਰੇਸ ਡਿਏਸਬਿਲਟੀ ਰਿਸੋਰਸ ਫੇਅਰ



ਆਟਿਜ਼ਮ ਐਕਸੈਪਟੈਂਸ ਡੇਅ



ਸਲੈਵਿਕ ਤਿਉਹਾਰ ਯਾਰਮਾਰਕਾ



ਆਰਟ ਔਨ ਦ ਸਪੈਕਟ੍ਰਮ



ਫੈਮੀਲਿਜ਼ ਫ਼ਾਰ ਅਰਲੀ ਆਟਿਜ਼ਮ ਟ੍ਰੀਟਮੈਂਟ ਵਾੱਕ

# ACRC ਨੇ BEING MICHELLE ਸਕ੍ਰੀਨਿੰਗ ਨੂੰ ਸਹਿ-ਸਪਾਂਸਰ ਕੀਤਾ ਅਤੇ ਪੈਨਲ ਵਿਚਾਰ-ਚਰਚਾ ਵਿੱਚ ਭਾਗ ਲਿਆ




ਬੌਧਿਕ ਅਤੇ ਵਿਕਾਸ ਸੰਬੰਧੀ ਅਯੋਗਤਾਵਾਂ ਲਈ ਕੈਲੀਫੋਰਨੀਆ ਨੀਤੀ ਕੇਂਦਰ ਨੇ ਸੈਕਰਾਮੈਂਟੋ ਦੇ ਕ੍ਰੈਸਟ ਥੀਏਟਰ ਵਿਖੇ Being Michelle ਲਈ ਸਕ੍ਰੀਨਿੰਗ ਦੀ ਮੇਜ਼ਬਾਨੀ ਕੀਤੀ, ਲੋਰੀ ਬੈਨਾਲੇਸ ਨੇ ਸ਼ੁਰੂਆਤੀ ਟਿੱਪਣੀਆਂ ਕੀਤੀਆਂ ਅਤੇ ਜਾਰਡਨ ਐਲਰ ਨੇ ਕੈਦੀ ਗਾਹਕਾਂ ਲਈ ਰਿਜਨਲ ਸੈਂਟਰ ਸਹਾਇਤਾ ਬਾਰੇ ਚਰਚਾ ਕਰਨ ਰਹੇ ਇੱਕ ਪੈਨਲ ਵਿੱਚ ਹਿੱਸਾ ਲਿਆ। ਸਾਡੇ ਡੈਫ਼ ਅਤੇ ਹਾਰਡ ਔਫ ਹੀਅਰਿੰਗ ਸਪੈਸ਼ਲਿਸਟ ਮਾਈਕਲ ਮਰਕਾਡੋ ਨੇ ਸਮਾਗਮ ਦੀ ਯੋਜਨਾ ਬਣਾਉਣ ਵਿੱਚ ਮਦਦ ਕੀਤੀ।

BEING MICHELLE ਇੱਕ ਪੁਰਸਕਾਰ-ਵਿਜੇਤਾ ਵਿਸ਼ੇਸ਼-ਲੰਬਾਈ ਵਾਲੀ ਆਟਿਜ਼ਮ ਨਾਲ ਪੀੜਤ ਇੱਕ ਬੋਲ਼ੀ ਔਰਤ ਬਾਰੇ ਦਸਤਾਵੇਜ਼ੀ ਫਿਲਮ ਹੈ ਜੋ ਕੈਦ ਅਤੇ ਦੁਰਵਿਵਹਾਰ ਦਾ ਸਾਹਮਣਾ ਕਰਦੀ ਹੋਈ ਉਸ ਤੋਂ ਬਚਦੀ ਹੈ ਅਤੇ ਹੁਣ ਆਪਣੀ ਕਲਾਕਾਰੀ ਦੀ ਵਰਤੋਂ ਉਸ ਸਦਮੇ ਨੂੰ ਦਰਸਾਉਣ ਲਈ ਕਰਦੀ ਹੈ ਜਿਸ ਤੋਂ ਉਹ ਬਚੀ ਸੀ ਅਤੇ ਆਪਣੇ ਅਤੀਤ 'ਚੋਂ ਉੱਭਰ ਜਾਂਦੀ ਹੈ।















## ਬੋਲ਼ਿਆਂ ਅਤੇ ਸੁਣਨ ਵਿੱਚ ਸਮੱਸਿਆ ਨਾਲ ਪੀੜਤਾਂ ਲਈ ਵਿਕਰੇਤਾ ਫਾਰਮ

ACRC ਨੇ ਹਾਲ ਹੀ ਵਿੱਚ ਉਹਨਾਂ ਸਾਰੇ ਵਿਕਰੇਤਾਵਾਂ ਲਈ ਇੱਕ ਫਾਰਮ ਆਯੋਜਿਤ ਕੀਤਾ ਜੋ ਵਰਤਮਾਨ ਵਿੱਚ ਸੇਵਾ ਕਰਦੇ ਹਨ ਜਾਂ ਬੋਲ਼ੇ ਅਤੇ ਸੁਣਨ 'ਚ ਸਮੱਸਿਆ ਦਾ ਸਾਹਮਣਾ ਕਰਦੇ ਲੋਕਾਂ ਦੀ ਸੇਵਾ ਕਰਨ ਵਿੱਚ ਦਿਲਚਸਪੀ ਰੱਖਦੇ ਹਨ ਤਾਂ ਜੋ ਸਹਿਯੋਗੀ ਸਰੋਤਾਂ ਨੂੰ ਪਾਰ ਕੀਤਾ ਜਾ ਸਕੇ ਅਤੇ ਇਹ ਸਿੱਖਿਆ ਜਾ ਸਕੇ ਕਿ ਬੋਲ਼ੇ ਅਤੇ ਸੁਣਨ ਵਾਲੇ ਲੋਕਾਂ ਦੀ ਸਹਾਇਤਾ ਲਈ ਕਿਵੇਂ ਵਿਸਤਾਰ ਕਰਨਾ ਹੈ।

https://www.altaregional.org/deaf-and-hard-hearing-information



# ਕਲੀਨਿਕਲ ਕੋਨਾ
# ਸਾਡੀ ਸਪੀਚ ਲੈਂਗੂਏਜ ਪੈਥੋਲੋਜਿਸਟ, ਮਿਸ਼ੇਲ ਮਾਤਸੁਮੋਟੋ ਨੂੰ ਮਿਲੋ

ਮਿਸ਼ੇਲ ਮਾਤਸੁਮੋਟੋ ACRC ਵਿਖੇ ਸਟਾਫ ਸਪੀਚ ਲੈਂਗੂਏਜ ਪੈਥੋਲੋਜਿਸਟ ਹੈ। ਉਹ 2019 ਤੋਂ ਕਲੀਨਿਕਲ ਟੀਮ ਦੀ ਮੈਂਬਰ ਰਹੀ ਹੈ। ਉਸਦੀ ਭੂਮਿਕਾ ਮੁੱਖ ਤੌਰ 'ਤੇ ਕਲੀਨਿਕਲ ਸਲਾਹ-ਮਸ਼ਵਰੇ, ਟ੍ਰੇਨਿੰਗ, ਅਤੇ ਮੁਲਾਂਕਣ ਪ੍ਰਦਾਨ ਕਰਕੇ ਅਰਲੀ ਸਟਾਰਟ ਪ੍ਰੋਗਰਾਮ ਵਿੱਚ ਸੇਵਾ ਕੋਆਰਡੀਨੇਟਰਾਂ ਦਾ ਸਮਰਥਨ ਕਰਨ 'ਤੇ ਕੇਂਦ੍ਰਿਤ ਹੈ। ਉਸਨੇ ਜਨਮ ਤੋਂ ਲੈ ਕੇ 12 ਮਹੀਨਿਆਂ ਤੱਕ ਸ਼ੁਰੂਆਤੀ ਸੰਚਾਰ 'ਤੇ ਇੱਕ ਲਰਨਿੰਗ ਮਾਡਿਊਲ ਲਾਗੂ ਕੀਤਾ ਹੈ ਜੋ ਇਸ ਸਬੂਤ ਨੂੰ ਪ੍ਰਮਾਣਿਤ ਕਰਦਾ ਹੈ ਕਿ ਸਪੀਚ ਥੈਰੇਪੀ ਵਿੱਚ ਦੇਰ ਨਾਲ ਗੱਲ ਕਰਨ ਨੂੰ ਸੰਬੋਧਨ ਕਰਨ ਤੋਂ ਇਲਾਵਾ ਹੋਰ ਵੀ ਬਹੁਤ ਕੁੱਝ ਸ਼ਾਮਲ ਹੈ। ਇਹ ਲਗਭਗ 12 ਮਹੀਨਿਆਂ ਦੀ ਉਮਰ ਵਿੱਚ ਪਹਿਲੇ ਸ਼ਬਦਾਂ ਦੀ ਆਮ ਪ੍ਰਾਪਤੀ ਤੋਂ ਪਹਿਲਾਂ ਦੇਖਭਾਲ ਕਰਨ ਵਾਲਿਆਂ ਦੀਆਂ ਚਿੰਤਾਵਾਂ ਪ੍ਰਤੀ ਸੇਵਾ ਕੋਆਰਡੀਨੇਟਰ ਦੀ ਜਵਾਬਦੇਹੀ ਦਾ ਸਮਰਥਨ ਕਰਦਾ ਹੈ।



ਮਿਸ਼ੇਲ ਨੇ ਅਰਲੀ ਇੰਟਰਵੈਨਸ਼ਨ ਫੀਡਿੰਗ ਥੈਰੇਪੀ ਲਈ ਸੇਵਾ ਦੇ ਮਿਆਰਾਂ ਦੇ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ ਜੋ ਉਚਿਤ ਸੁਰੱਖਿਆ ਨੂੰ ਕਾਇਮ ਰੱਖਦੇ ਹੋਏ ACRC ਦੇ ਵਿਕਰੇਤਾ ਫੀਡਿੰਗ ਥੈਰੇਪਿਸਟਾਂ ਦੀ ਪੇਸ਼ੇਵਰ ਸਿਖਲਾਈ ਅਤੇ ਕਲੀਨਿਕਲ ਮੁਹਾਰਤ ਨੂੰ ਦਰਸਾਉਂਦਾ ਹੈ। ਉਹ ਅਰਲੀ ਸਟਾਰਟ ਪਰਿਵਾਰਾਂ ਲਈ ਸੇਵਾਵਾਂ ਤੱਕ ਪਹੁੰਚ ਨੂੰ ਵਧਾਉਣ ਦੀ ਲੋੜ ਤੋਂ ਪੂਰੀ ਤਰ੍ਹਾਂ ਜਾਣੂ ਹੈ ਅਤੇ ਇਹ ਯਕੀਨੀ ਬਣਾਉਣ ਵਿੱਚ ਮਦਦ ਕਰਦੀ ਹੈ ਕਿ ਨਵੇਂ ਪ੍ਰੋਗਰਾਮਾਂ ਦੇ ਕਲੀਨਿਕਲ ਹਿੱਸੇ ਸਭ ਤੋਂ ਵਧੀਆ ਅਭਿਆਸ ਨਾਲ ਮੇਲ ਖਾਂਦੇ ਹਨ।



ਅਰਲੀ ਇੰਟਰਵੈਨਸ਼ਨ ਮਿਸ਼ੇਲ ਦੇ ਦਿਲ ਅਤੇ ਅਭਿਆਸ ਵਿੱਚ ਇੱਕ ਵਿਸ਼ੇਸ਼ ਸਥਾਨ ਰੱਖਦਾ ਹੈ। ACRC ਦੇ ਸਭ ਤੋਂ ਘੱਟ ਉਮਰ ਦੇ ਗਾਹਕਾਂ ਅਤੇ ਉਹਨਾਂ ਦੇ ਪਰਿਵਾਰਾਂ ਨੂੰ ਮਿਲਣ ਅਤੇ ਸੇਵਾ ਕਰਨ ਦਾ ਮੌਕਾ ਮਿਲਣਾ ਪ੍ਰਭਾਵਸ਼ਾਲੀ, ਆਸ਼ਾਵਾਦੀ ਅਤੇ ਚੁਣੌਤੀਪੂਰਨ ਹੈ। ਖੁਸ਼ੀ ਦੇ ਵਿਚਕਾਰ ਜੋ ਕਿ ਬੱਚਿਆਂ ਨਾਲ ਗੱਲਬਾਤ ਕਰਨ ਦਾ ਇੱਕ ਕੁਦਰਤੀ ਹਿੱਸਾ ਹੈ, ਅਕਸਰ ਸੰਭਾਲ-ਕਰਤਾ ਜਜ਼ਬਾਤੀ ਅਤੇ ਚਿੰਤਤ ਹੁੰਦੇ ਹਨ। ਰਹਿਮਦਿਲੀ ਨਾਲ ਸੁਣਨਾ ਅਤੇ ਦਿਆਲਤਾ ਨਾਲ ਕੰਮ ਕਰਨਾ ਇਸ ਵਿਸ਼ਵਾਸ ਨੂੰ ਮਜ਼ਬੂਤ ਕਰਦਾ ਹੈ ਕਿ ਹਰ ਬੱਚਾ ਸਿੱਖ ਸਕਦਾ ਹੈ ਅਤੇ ਵੱਧ ਸਕਦਾ ਹੈ। ਮਿਸ਼ੇਲ ਦੁਆਰਾ ਆਪਣੇ ਆਪ ਨੂੰ ਲੋਕਾਂ ਅਤੇ ਉਹਨਾਂ ਦੀਆਂ ਵਿਲੱਖਣ ਕਹਾਣੀਆਂ ਬਾਰੇ ਸਿੱਖਣ, ਗਿਆਨ ਸਾਂਝਾ ਕਰਨ, ਅਤੇ ਦੂਜਿਆਂ ਦੁਆਰਾ ਯੋਗਤਾ ਅਤੇ ਭਰੋਸਾ ਪ੍ਰਾਪਤ ਕਰਨ ਦੇ ਯੋਗ ਬਣਾਉਣ ਵਿੱਚ ਰੁੱਝੇ ਰਹਿਣਾ, ACRC ਦੇ ਗਾਹਕਾਂ ਅਤੇ ਉਹਨਾਂ ਦੇ ਪਰਿਵਾਰਾਂ ਦੀ ਸੇਵਾ ਕਰਨ ਵਿੱਚ ਉਹਨਾਂ ਦੀਆਂ ਮਹੱਤਵਪੂਰਨ ਭੂਮਿਕਾਵਾਂ ਹਨ।

# ਸਿਹਤ ਅਤੇ ਸੁਤੰਤਰਤਾ ਲਈ ਡਿਸਏਬਿਲਟੀ ਹਾਊਸਿੰਗ
# ਅਲਾਇੰਸ ਅਤੇ ACRC ਐਡਵੋਕੇਟ ਫਾਰ ਕਮਿਊਨਿਟੀ






25 ਅਪ੍ਰੈਲ, 2024 ਨੂੰ, AKT ਡਿਵੈਲਪੈਂਟ ਨੇ ਫੋਲਸੋਮ ਸਿਟੀ ਕਾਊਂਸਲ ਅਤੇ El ਡੋਰਡੋ ਬੋਰਡ ਆਫ਼ ਸੁਪਰਵਾਈਜ਼ਰ ਸਾਹਮਣੇ ਸਿਹਤ ਅਤੇ ਸੁਤੰਤਰਤਾ ਲਈ ਕਮਿਊਨਿਟੀ ਲਈ ਆਪਣੀ ਸਮਝ ਪੇਸ਼ ਕੀਤੀ। ACRC ਦੇ ਸਮਰਥਨ ਵਿੱਚ ਆਏ ਬੁਲਾਰਿਆਂ ਵਿੱਚ ਕਾਰਜਕਾਰੀ ਨਿਰਦੇਸ਼ਕ ਲੋਰੀ ਬੈਨੇਲਸ, ਕਲਾਇੰਟ ਐਡਵੋਕੇਟ ਰੇਵਾ ਜੌਹਨਸਨ ਅਤੇ ਕਮਿਊਨਿਟੀ ਸੇਵਾਵਾਂ ਦੇ ਨਿਰਦੇਸ਼ਕ ਜੌਨ ਡੇਕਰ ਸ਼ਾਮਲ ਸਨ। ਇਸ ਵਿਕਾਸ ਵਿੱਚ ਆਪਣੀ ਦਿਲਚਸਪੀ ਬਾਰੇ ਚਰਚਾ ਕਰ ਰਹੀ ਡਿਸਏਬਿਲਟੀ ਹਾਊਸਿੰਗ ਅਲਾਇੰਸ ਤੋਂ ਕਿਮ ਜ਼ੇਹਰਿੰਗ, ਦੀ ਤਸਵੀਰ ਇੱਥੇ ਦਿੱਤੀ ਗਈ ਹੈ ਜੋ ਕਿ ਬਜ਼ੁਰਗ ਅਤੇ ਅਪਾਹਜ ਲੋਕਾਂ ਦੀ ਸਿਹਤ ਦਾ ਸਮਰਥਨ ਕਰਨ ਲਈ ਇੱਕ ਨਵਾਂ ਹਾਊਸਿੰਗ ਕਮਿਊਨਿਟੀ ਬਣਾਉਣ ਲਈ UC ਡੇਵਿਸ ਨਾਲ ਭਾਈਵਾਲੀ ਕਰੇਗੀ।
https://sites.google.com/view/disability-housing-alliance/home

# ACRC ਹੋਸਟ ਮਾਈਕ੍ਰੋਐਂਟਰਪ੍ਰਾਈਜ਼ ਮੇਲਾ

ACRC ਮਾਈਕ੍ਰੋਐਂਟਰਪ੍ਰਾਈਜ਼ ਮੇਲਿਆਂ ਦੀ ਮੇਜ਼ਬਾਨੀ ਕਰਕੇ ਸ਼ਾਨਦਾਰ ਪ੍ਰਤਿਭਾਸ਼ਾਲੀ ਕਲਾਕਾਰਾਂ ਅਤੇ ਕਾਰੀਗਰਾਂ ਦਾ ਖੁਸ਼ੀ ਨਾਲ ਸਮਰਥਨ ਕਰਦਾ ਹੈ, ਜਿਹਨਾਂ ਦੀ ਰਿਜਨਲ ਸੈਂਟਰ ਦੁਆਰਾ ਸੇਵਾ ਕੀਤੇ ਗਈ ਹੈ। ਹਾਜ਼ਰੀ ਲਾਏ ਗਏ ਇਹ ਸਮਾਗਮ ਸਾਡੇ ਰਿਜਨਲ ਸੈਂਟਰ ਦੀ ਰਣਨੀਤਕ ਯੋਜਨਾ ਫੋਕਸ ਖੇਤਰ ਦੇ ਰੁਜ਼ਗਾਰ ਦਾ ਸਮਰਥਨ ਕਰਦੇ ਹਨ। ਤੁਸੀਂ ਇੱਥੇ ਮਾਈਕ੍ਰੋਐਂਟਪ੍ਰਾਈਜ਼ ਬਾਰੇ ਹੋਰ ਜਾਣ ਸਕਦੇ ਹੋ: https://rula.disabilityrightsca.org/rula-book/chapter-9-community-participation-work-day-and-leisure-activities/could-i-be-self-employed-in-my-own-business/

















# DSP ਕੋਲੈਬੋਰੇਟਿਵ ਨੇ ਸੂਟਰ ਕਾਉਂਟੀ ਵਨ ਸਟਾਪ ਫ਼ਾਰ ਅ ਜੌਬ ਮੇਲੇ ਨਾਲ ਯੂਬਾ ਸਿਟੀ ਵਿੱਚ ਭਾਈਵਾਲੀ ਕੀਤੀ ਅਤੇ ਸੋਸ਼ਲ ਮੀਡਿਆ ਲਾਂਚ ਕੀਤਾ

ACRC ਵੈਲੀ ਮਾਉਂਟੇਨ ਰੀਜਨਲ ਸੈਂਟਰ ਦੇ ਨਾਲ ਭਾਈਵਾਲੀ ਕਰਦੇ ਹੋਏ ਸਾਡੀ DSP ਸਹਿਯੋਗੀ ਪਹਿਲਕਦਮੀ ਨੂੰ ਲਾਗੂ ਕਰਨਾ ਜਾਰੀ ਰੱਖਦੀ ਹੈ ਤਾਂ ਜੋ ਸਥਾਨਕ ਨੌਕਰੀ ਮੇਲਿਆਂ ਦੀ ਪੇਸ਼ਕਸ਼ ਕੀਤੀ ਜਾ ਸਕੇ ਅਤੇ ਇੱਕ ਮੁਫਤ ਨੌਕਰੀ ਬੋਰਡ ਸਿਰਫ਼ ਰਿਜਨਲ ਸੈਂਟਰ ਸੇਵਾ ਪ੍ਰਦਾਤਾਵਾਂ ਲਈ ਉਪਲਬਧ ਹੋਵੇ। ਅਸੀਂ ਆਪਣੇ ਸੋਸ਼ਲ ਮੀਡਿਆ ਖਾਤੇ ਵੀ ਲਾਂਚ ਕੀਤੇ ਹਨ। https://dspcollaborative.org/. Facebook 'ਤੇ ਫੋਲੋ ਕਰੋ: https://www.facebook.com/profile.php?id=61558627656942







DSP COLLABORATIVE
Direct Support Professionals
Leading with Inclusion and Working with Purpose









# ACRC ਸੈਕਰਾਮੈਂਟੋ ਪ੍ਰਾਈਡ ਪਰੇਡ ਵਿੱਚ ਸ਼ਾਮਲ ਹੈ

ਅਸੀਂ 9 ਜੂਨ ਨੂੰ ਸੈਕਰਾਮੈਂਟੋ ਪ੍ਰਾਈਡ ਪਰੇਡ ਵਿੱਚ ਸਟਾਫ, ਗਾਹਕਾਂ, ਪਰਿਵਾਰ ਅਤੇ ਕਮਿਊਨਿਟੀ ਦੇ ਮੈਂਬਰਾਂ ਦੇ ਨਾਲ ਮਾਰਚ ਕਰਦੇ ਹੋਏ ਹਿੱਸਾ ਲਿਆ! ਇਹ ਇੱਕ ਅਜਿਹਾ ਸਮਾਗਮ ਹੈ ਜਿਸਦਾ ਅਸੀਂ ਇੰਤਜ਼ਾਰ ਕਰਦੇ ਹਾਂ ਅਤੇ ਪਿਛਲੇ ਦੋ ਸਾਲਾਂ ਵਿੱਚ ਅਸੀਂ ਅਸਲ ਵਿੱਚ ਇਸਦਾ ਆਨੰਦ ਮਾਣਿਆ ਹੈ।








# ਸਿਏਰਾ ਕਾਲਜ ਲਾਈਫ ਪ੍ਰੋਜੈਕਟ ਤੋਂ ਇੱਕ ਸੁਨੇਹਾ

DDS ਨਾਲ LIFE ਪ੍ਰੋਜੈਕਟ ਦਾ ਇਕਰਾਰਨਾਮਾ 30 ਜੂਨ ਨੂੰ ਸਮਾਪਤ ਹੋ ਜਾਵੇਗਾ। ਪਿਛਲੇ 15 ਮਹੀਨਿਆਂ ਵਿੱਚ ਸਾਡੇ ਯਤਨ ਗਿਆਨ ਭਰਪੂਰ ਅਤੇ ਲਾਭਕਾਰੀ ਰਹੇ ਹਨ। ਇਸ ਪ੍ਰੋਜੈਕਟ ਦੁਆਰਾ ਤਿਆਰ ਸਮੱਗਰੀ ਨੂੰ ਇੱਕ ਜਨਤਕ Google ਫੋਲਡਰ ਵਿੱਚ ਜੋੜਿਆ ਜਾ ਰਿਹਾ ਹੈ। ਕਿਰਪਾ ਕਰਕੇ  ਇਹਨਾਂ ਸਰੋਤਾਂ ਨੂੰ ਦੇਖੋ, ਬੁੱਕਮਾਰਕ ਕਰੋ ਅਤੇ ਸਾਂਝਾ ਕਰੋ।

ਪ੍ਰੋਜੈਕਟ ਦੀਆਂ ਮੁੱਖ ਸੂਝਾਂ ਨੂੰ ਸ਼ਾਮਲ ਕਰਦੇ ਹੋਏ ਇੱਕ ਸਕਸੈਸ਼ਨ (succession) ਯੋਜਨਾ ਤਿਆਰ ਕੀਤੀ ਗਈ ਹੈ (Google ਫੋਲਡਰ ਵਿੱਚ ਉਪਲਬਧ), ਜੋ ਰੁਜ਼ਗਾਰ ਦੇ ਪ੍ਰਭਾਵ ਅਤੇ ਚੰਗੀ ਤਨਖਾਹ ਵਾਲੀਆਂ ਨੌਕਰੀਆਂ ਨੂੰ ਲੱਭਣ ਅਤੇ ਪ੍ਰਾਪਤ ਕਰਨ ਵਿੱਚ ਕਾਮਯਾਬ ਹੋਣ ਲਈ ਅਯੋਗ ਵਿਅਕਤੀਆਂ (ਖਾਸ ਕਰਕੇ I/DD) ਲਈ ਸਿਖਲਾਈ ਸੇਵਾਵਾਂ ਨੂੰ ਬਿਹਤਰ ਬਣਾਉਣ ਲਈ ਸੇਵਾ ਪ੍ਰਦਾਤਾਵਾਂ, ਮਾਲਕਾਂ ਅਤੇ ਮਾਪਿਆਂ ਦੇ ਸੰਚਾਰ, ਤਾਲਮੇਲ ਅਤੇ ਏਕੀਕਰਨ ਨੂੰ ਬਿਹਤਰ ਬਣਾਉਣ ਲਈ ਕੀ ਕੀਤਾ ਜਾ ਸਕਦਾ ਹੈ, 'ਤੇ ਹੈ। ਸਮਾਂ ਦੱਸੇਗਾ ਕਿ ਕੀ ਸਕਸੈਸ਼ਨ (succession) ਯੋਜਨਾ ਟੀਮ ਦੇ ਯਤਨ LIFE ਪ੍ਰੋਜੈਕਟ ਦੇ ਯਤਨਾਂ ਦੁਆਰਾ ਸ਼ੁਰੂ ਕੀਤੇ ਗਏ ਕੰਮਾਂ ਨੂੰ ਜਾਰੀ ਰੱਖਣ ਅਤੇ ਫੈਲਾਉਣ ਦੇ ਯੋਗ ਹੋਣਗੇ ਜਾਂ ਨਹੀਂ।

ਨਤੀਜੇ ਦੀ ਪਰਵਾਹ ਕੀਤੇ ਬਿਨਾਂ, ਅਸੀਂ LIFE ਪ੍ਰੋਜੈਕਟ ਟੀਮ ਵੱਲੋਂ ਸੀਏਰਾ ਕਾਲਜ, ਖਾਸ ਤੌਰ 'ਤੇ ਐਮੀ ਸ਼ੁਲਟਜ਼ ਅਤੇ ਲਿੰਡਸੇ ਕੇਰ, ਅਤੇ ਅਲਟਾ ਕੈਲੀਫੋਰਨੀਆ ਰਿਜਨਲ ਸੈਂਟਰ, ਖਾਸ ਤੌਰ 'ਤੇ ਜੌਨ ਡੇਕਰ ਅਤੇ ਕਾਰਲੀ ਸ਼ੀਅਰਰ, ਦੇ ਸਮਰਥਨ ਅਤੇ ਮਾਰਗਦਰਸ਼ਨ ਲਈ ਆਪਣਾ ਧੰਨਵਾਦ ਪ੍ਰਗਟ ਕਰਨਾ ਚਾਹੁੰਦੇ ਹਾਂ। ਆਪਣਾ ਖਿਆਲ ਰੱਖਣਾ.

ਪ੍ਰੋਜੈਕਟ LIFE ਟੀਮ: ਰਿਕ ਲਾਰਕੀ, ਅਮਾਂਡਾ ਰੇਨੌਂਡ, ਅਤੇ ਮਿਸ਼ੇਲ ਐਲਫੋਰਡ-ਵਿਲੀਅਮਜ਼।

SIERRA COLLEGE

THE LIFE PROJECT
Learning Independence for Future Employment

## ਵਿਸ਼ੇਸ਼ ਕਲਾਕਾਰ ਪ੍ਰੋਫਾਈਲ - ਬੀਟਾ ਬਹਾਰਸਤਾਨੀ



ਬੀਟਾ ਬਹਾਰਸਤਾਨੀ 31 ਸਾਲਾਂ ਤੋਂ (1993 ਤੋਂ) ਪ੍ਰੋਗਰੈਸਿਵ ਇੰਪਲੋਇਮੈਂਟ ਕੰਸੈਪਟ ਵਿੱਚ ਹਿੱਸਾ ਲੈ ਰਹੀ ਹੈ। ਇੱਕ ਮਹਾਨ ਕੁਦਰਤ ਪ੍ਰੇਮੀ, ਬੀਟਾ ਅਕਸਰ ਆਪਣੀਆਂ ਪੇਂਟਿੰਗਾਂ ਵਿੱਚ ਲੈਂਡਸਕੇਪ ਅਤੇ ਫੁੱਲਦਾਰ ਦ੍ਰਿਸ਼ਾਂ ਨੂੰ ਪੇਸ਼ ਕਰਦੀ ਹੈ। ਕਲਾ ਇੱਕ ਜਨੂੰਨ ਹੈ, ਉਹ ਆਪਣੀ ਮਾਂ ਨਾਲ ਇਹ ਗੱਲ ਸਾਂਝਾ ਕਰਦੀ ਹੈ ਅਤੇ ਯੂਰਪ ਅਤੇ ਸੰਯੁਕਤ ਰਾਜ ਅਮਰੀਕਾ ਵਿੱਚ ਇਕੱਠਿਆਂ ਕੀਤੀ ਯਾਤਰਾ ਤੋਂ ਆਪਣੇ ਕੁਝ ਕਿਰਤਾਂ ਲਈ ਪ੍ਰੇਰਨਾ ਲੈਂਦੀ ਹੈ। ਉਸਦੀ ਕਲਾ ਨੂੰ ਟੋਟ ਬੈਗਾਂ, ਕਾਰਡਾਂ ਅਤੇ ਫ਼ੋਨ ਕੇਸਾਂ ਉੱਤੇ ਵੀ ਰਚਿਆ ਜਾਂਦਾ ਹੈ।

ਬੀਟਾ ਦੀਆਂ ਪੇਂਟਿੰਗਾਂ ਅਕਸਰ ਵਾਟਰ ਕਲਰ, ਐਕਰੀਲਿਕ ਅਤੇ ਪੇਸਟਲ ਵਿੱਚ ਬਣੀ ਹੁੰਦੀਆਂ ਹਨ। ਉਸ ਦੀਆਂ ਪੇਂਟਿੰਗਾਂ ਵਿੱਚ ਬਹੁਤ ਵਧੀਆ ਬਣਤਰ, ਰੰਗ ਅਤੇ ਵਿਭਿੰਨਤਾ ਹੁੰਦੀ ਹੈ। ਉਸਦੀਆਂ ਰਚਨਾਵਾਂ ਨੂੰ ਗ੍ਰੇਟਰ ਸੈਕਰਾਮੈਂਟੋ ਖੇਤਰ ਵਿੱਚ ਕਈ ਥਾਵਾਂ 'ਤੇ ਕਲਾ ਪ੍ਰਦਰਸ਼ਨੀਆਂ ਵਿੱਚ ਦਿਖਾਇਆ ਗਿਆ ਹੈ। ਪੇਂਟਿੰਗ ਉਸ ਵਿੱਚ ਪ੍ਰਾਪਤੀ ਅਤੇ ਪੂਰਨਤਾ ਦੀ ਭਾਵਨਾ ਨੂੰ ਭਰ ਦਿੰਦੀ ਹੈ ਅਤੇ ਇਹ ਉਸ ਲਈ ਆਪਣੀ ਅੰਦਰੂਨੀ ਦ੍ਰਿਸ਼ਟੀ ਨੂੰ ਬਾਹਰੀ ਹਕੀਕਤ ਵਿੱਚ ਅਨੁਵਾਦ ਕਰਨ ਦਾ ਇੱਕ ਲਾਭਕਾਰੀ ਤਰੀਕਾ ਸਾਬਤ ਹੋਇਆ ਹੈ।




ਜੇਕਰ ਤੁਸੀਂ ਬੀਟਾ ਦੀਆਂ ਕਈ ਕਿਸਮਾਂ ਦੀਆਂ ਕਲਾਕ੍ਰਿਤੀਆਂ 'ਚੋਂ ਕਿਸੇ ਨੂੰ ਖਰੀਦਣ ਵਿੱਚ ਦਿਲਚਸਪੀ ਰੱਖਦੇ ਹੋ, ਤਾਂ ਕਿਰਪਾ ਕਰਕੇ 'Bita Designs' Etsy ਜਾਂ Facebook ਪੇਜਾਂ ਨੂੰ ਬੇਝਿਜਕ ਹੋ ਕੇ ਦੇਖੋ:
Etsy - https://www.etsy.com/shop/BitaDesigns
Facebook - https://www.facebook.com/BitaDesigns/
ਜਾਂ ਤੁਸੀਂ ਪ੍ਰੋਗਰਾਮ ਡਾਇਰੈਕਟਰ ਜੂਡੀ ਓਡੀਪੋ ਨੂੰ judyo@progressiveemployment.org 'ਤੇ ਸੰਪਰਕ ਕਰ ਸਕਦੇ ਹੋ

Progressive Employment Concepts

